**ਦਫ਼ਤਰ ਉਪ ਮੰਡਲ ਇੰਜੀਨੀਅਰ,**
**ਉਸਾਰੀ ਉਪ ਮੰਡਲ ਨੰ.2 ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਸਰਹਿੰਦ**

ਵੱਲ,

ਪ੍ਰਿੰਸੀਪਲ,
ਸੰਤ ਫਰੀਦ ਪਬਲਿਕ ਸਕੂਲ,
ਮੰਡੀ ਗੋਬਿੰਦਗੜ੍ਹ, ਜਿਲ੍ਹਾ ਫਤਹਿਗੜ੍ਹ ਸਾਹਿਬ।

ਮੀਮੋ ਨੰ. 59　　　　ਮਿਤੀ:- 17/5/2023

ਵਿਸ਼ਾ:- ਸਾਲ 2023-24 ਲਈ ਬਿਲਡਿੰਗ ਦਾ ਸੁਰਖਿੱਅਤ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦਾ ਪੱਤਰ ਨੰ. SFPS/MGG/CORP/2023 ਮਿਤੀ: 21/04/2023

ਉਪਰੋਕਤ ਵਿਸ਼ੇ ਅਧੀਨ ਦਰਸਾਈ ਗਈ ਬਿਲਡਿੰਗ ਦਾ ਮੁਆਇਨਾ ਕਰਨ ਉਪਰੰਤ ਪਾਇਆ ਗਿਆ ਕਿ ਸਕੂਲ ਦੀ ਬਿਲਡਿੰਗ ਦੇਖਣ ਨੂੰ ਠੀਕ ਜਾਪਦੀ ਹੈ। ਇਸ ਲਈ ਇਸ ਸਾਲ 2023-24 ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖਿਆਂ ਸ਼ਰਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ। ਜੇਕਰ ਬਿਲਡਿੰਗ ਵਿੱਚ ਵਾਧਾ/ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਸ ਵਿਭਾਗ ਤੋਂ ਇਸ ਦੀ ਮਨਜੂਰੀ ਲਈ ਜਾਵੇ ਅਤੇ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇ ਅਤੇ ਬਿਲਡਿੰਗ ਦਾ ਸੁਰਖਿੱਅਤ ਸਰਟੀਫਿਕੇਟ ਇਸ ਵਿਭਾਗ ਤੋਂ ਦੁਬਾਰਾ ਲਿਆ ਜਾਵੇ।

1) ਜੇ ਬਿਲਡਿੰਗ ਹੜ੍ਹ ਤੋਂ ਪ੍ਰਭਾਵਿਤ ਹੁੰਦੀ ਹੈ ਜਾਂ ਛੱਤਾਂ ਡਿੱਗਦੀਆਂ ਹਨ, ਉਹ ਦੁਬਾਰਾ ਮਹਿਕਮੇ ਤੋਂ ਚੈਕ ਕਰਵਾਈਆ ਜਾਣ।

2) ਇਸ ਬਿਲਡਿੰਗ ਨੂੰ ਸੁਰੱਖਿਅਤ ਰੂਪ ਵਿੱਚ ਵਰਤਨ ਦਾ ਸਮਾਂ ਸਰਟੀਫਿਕੇਟ ਜਾਰੀ ਹੋਣ ਦੀ ਮਿਤੀ ਤੋਂ 31.03.2023 ਤੱਕ ਹੈ।

3) ਇਸ ਬਿਲਡਿੰਗ ਦਾ ਫਾਇਰ ਸੁਰੱਖਿਅਤ ਸਰਟੀਫਿਕੇਟ ਪੰਜਾਬ ਫਾਇਰ ਸਰਵਿਸਜ, ਗੋਬਿੰਦਗੜ੍ਹ ਦੇ ਐਨ.ਓ.ਸੀ. ਨੰ. 501-52338-Fire/40044 ਮਿਤੀ 08.07.2022 ਰਾਹੀਂ ਇੱਕ ਸਾਲ ਲਈ ਦਿੱਤਾ ਗਿਆ ਹੈ।

4) ਇਸ ਦੀ ਇੰਸਪੈਕਸ਼ਨ ਫੀਸ ਜੀ.ਆਰ. ਨੰ. 158080 ਮਿਤੀ 12-5-2023 ਰਾਂਹੀ ਬਾਬਤ ਰਕਮ 15,000/- ਰੁਪਏ ਪ੍ਰਾਪਤ ਕਰ ਲਈ ਗਈ ਹੈ।

5) ਇਸ ਦਫ਼ਤਰ ਵਲੋਂ ਸਕੂਲ ਬਿਲਡਿੰਗ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਇਸ ਸ਼ਰਤ ਅਧੀਨ ਜਾਰੀ ਕੀਤਾ ਜਾਂਦਾ ਹੈ ਕਿ ਸਕੂਲ ਅਥਾਰਟੀ ਵੱਲੋਂ ਫਾਇਰ ਸੇਫਟੀ ਸਰਟੀਫਿਕੇਟ ਸਬੰਧਤ ਦਫ਼ਤਰ ਤੋਂ 08-07-2023 ਤੋਂ 31-03-2024 ਤੱਕ ਦੇ ਸਮੇਂ ਦਾ ਨਵੀਨੀਕਰਨ ਕਰਵਾਉਣ ਉਪਰੰਤ ਪ੍ਰਾਪਤ ਕਰ ਲਿਆ ਗਿਆ ਹੋਵੇ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ.2, ਲੋਕ ਨਿਰਮਾਣ ਵਿਭਾਗ,
ਭ ਤੇ ਮ ਸ਼ਾਖਾ, ਸਰਹਿੰਦ।

ਪਿੱਠ ਅੰਕਣ ਨੰ.　　　　ਮਿਤੀ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਸਰਹਿੰਦ ਨੂੰ ਉਨ੍ਹਾਂ ਦਾ ਪੱਤਰ ਨੰ. 3939-41 ਮਿਤੀ 07.08.2014 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ.2, ਲੋਕ ਨਿਰਮਾਣ ਵਿਭਾਗ,
ਭ ਤੇ ਮ ਸ਼ਾਖਾ, ਸਰਹਿੰਦ।

CS CamScanner